Opération vaccination COVID-19

## ਸਾਡੇ ਸਭ ਦੇ ਮਨ ਵਿੱਚ ਟੀਕੇ ਨੂੰ ਲੈ ਕੇ ਬਹੁਤ ਸਵਾਲ ਹਨ

### ਕੀ ਕੋਵਿਡ-19 ਟੀਕੇ ਸੁਰੱਖਿਅਤ ਹਨ?

ਕੈਨੇਡਾ ਵਿੱਚ ਲਗਾਏ ਜਾ ਰਹੇ ਟੀਕੇ ਸੁਰੱਖਿਅਤ ਅਤੇ ਅਸਰਦਾਰ ਹਨ। ਉਹ ਹੈਲਥ ਕੈਨੇਡਾ ਦੀ ਕਮੇਟੀ ਆਫ਼ ਸਾਇੰਟੀਫ਼ਿਕ ਐਕਸਪਰਟਸ ਐਂਡ ਡਾਕਟਰਜ਼ ਵੱਲੋਂ ਪ੍ਰਮਾਣਿਤ ਹਨ। ਇਨ੍ਹਾਂ ਟੀਕਿਆਂ ਦੀ ਗੁਣਵੱਤਾ ਅਤੇ ਸੁਰੱਖਿਆ ਮਿਆਰ ਕੈਨੇਡਾ ਵਿੱਚ ਵਰਤੇ ਜਾਣ ਵਾਲੇ ਕਿਸੇ ਵੀ ਹੋਰ ਟੀਕੇ ਦੇ ਬਰਾਬਰ ਹਨ।

ਕੈਨੇਡਾ ਅਤੇ ਕਿਊਬੈੱਕ ਦੀ ਟੀਕਾ ਨਿਗਰਾਨੀ ਪ੍ਰਣਾਲੀ ਕਾਫ਼ੀ ਵਿਆਪਕ ਹੈ।

### ਕੋਵਿਡ-19 ਦੇ ਖ਼ਿਲਾਫ਼ ਟੀਕੇ ਕਿੰਨੇ ਅਸਰਦਾਰ ਹਨ?

ਸਾਰੇ ਕੋਵਿਡ-19 ਟੀਕੇ ਗੰਭੀਰ ਬਿਮਾਰੀ, ਹਸਪਤਾਲ 'ਚ ਭਰਤੀ ਹੋਣ ਅਤੇ ਮੌਤ ਤੋਂ ਬਚਾਅ ਦੇ ਮਾਮਲੇ ਵਿੱਚ 80% ਤੋਂ ਵੱਧ ਅਸਰਦਾਰ ਹਨ। ਜੇਕਰ ਤੁਸੀਂ ਟਿਕੀਆਂ ਬਾਰੇ ਚਿੰਤਤ ਹੋ, ਤਾਂ ਉਸ ਸਿਹਤ ਦੇਖਭਾਲ ਪੇਸ਼ੇਵਰ ਅਧਿਕਾਰੀ ਨਾਲ ਗੱਲ ਕਰੋ ਜੋ ਟੀਕਾਕਰਨ ਕੇਂਦਰ ਵਿੱਚ ਤੁਹਾਡਾ ਮੁਲਾਂਕਣ ਕਰਦਾ ਹੈ। ਉਸ ਤੋਂ ਬਾਅਦ ਹੀ ਤੁਸੀਂ ਸੂਚਨਾ ਦੇ ਆਧਾਰ 'ਤੇ ਕੋਈ ਫ਼ੈਸਲਾ ਲੈਣ ਵਿੱਚ ਸਮਰੱਥ ਹੋਵੋਗੇ।

### ਟੀਕਾਕਰਨ ਮਹੱਤਵਪੂਰਨ ਕਿਉਂ ਹੈ?

ਟੀਕੇ, ਕੋਵਿਡ-19 ਨਾਲ ਸਬੰਧਿਤ ਗੰਭੀਰ ਬਿਮਾਰੀ ਅਤੇ ਉਸ ਤੋਂ ਪੈਦਾ ਹੋਣ ਵਾਲੇ ਗੰਭੀਰ ਖ਼ਤਰਿਆਂ ਤੋਂ ਬਚਾਉਂਦੇ ਹਨ। ਕੋਵਿਡ-19 ਟੀਕਾਕਰਨ ਦਾ ਮੁੱਖ ਟੀਚਾ ਉਨ੍ਹਾਂ ਲੋਕਾਂ ਦੀ ਹਸਪਤਾਲ ਵਿੱਚ ਭਰਤੀ ਹੋਣ ਅਤੇ ਮੌਤ ਦੀ ਦਰ ਨੂੰ ਘਟਾਉਣਾ ਹੈ, ਜਿਨ੍ਹਾਂ ਨੂੰ ਇਸ ਦਾ ਗੰਭੀਰ ਖ਼ਤਰਾ ਹੈ। ਇਸ ਨਾਲ ਸਿਹਤ ਅਤੇ ਸਮਾਜਿਕ ਸੇਵਾਵਾਂ ਨਾਲ ਸਬੰਧਿਤ ਗਤੀਵਿਧੀਆਂ ਦੀ ਨਿਰੰਤਰਤਾ ਬਣਾ ਕੇ ਰੱਖਣ ਅਤੇ ਲੋਕਾਂ ਨੂੰ ਜਲਦੀ ਤੋਂ ਜਲਦੀ ਸਧਾਰਨ ਜੀਵਨ ਵਿੱਚ ਵਾਪਸ ਪਰਤਣ ਵਿੱਚ ਵੀ ਮਦਦ ਮਿਲ ਸਕਦੀ ਹੈ।

### ਕਿਸ ਨੂੰ ਖ਼ਤਰਾ ਹੈ?

ਸੀਨੀਅਰ ਸਿਟੀਜ਼ਨਾਂ ਵਿੱਚ ਸਮੱਸਿਆ ਪੈਦਾ ਹੋਣ ਅਤੇ ਉਨ੍ਹਾਂ ਨੂੰ ਕੋਵਿਡ-19 ਕਾਰਨ ਮੌਤ ਦਾ ਵਧੇਰੇ ਖ਼ਤਰਾ ਹੈ। ਕਿਸੇ ਪੁਰਾਣੀ ਬਿਮਾਰੀ ਤੋਂ ਪੀੜਿਤ ਲੋਕ, ਜੋ ਕੋਵਿਡ-19 ਤੋਂ ਪੀੜਿਤ ਵਿਅਕਤੀਆਂ ਦੇ ਸੰਪਰਕ ਵਿੱਚ ਵਾਰ-ਵਾਰ ਆਉਂਦੇ ਹਨ ਜਾਂ ਜਿਨ੍ਹਾਂ ਦੀ ਇਮਿਊਨਿਟੀ ਘੱਟ ਹੈ, ਉਨ੍ਹਾਂ ਨੂੰ ਖ਼ਤਰਾ ਹੈ, ਪਰ ਖ਼ਤਰੇ ਦਾ ਮੁੱਖ ਕਾਰਕ ਉਮਰ ਹੈ।

**ਮੇਰਾ ਟੀਕਾਕਰਨ ਕਿੱਥੇ ਹੋ ਸਕਦਾ ਹੈ?**

ਅਪਾਇੰਟਮੈਂਟ ਲੈ ਕੇ ਜਾਂ ਉਸ ਤੋਂ ਬਗੈਰ, ਤੁਹਾਡਾ ਟੀਕਾਕਰਨ ਹੋ ਸਕਦਾ ਹੈ। ਆਪਣਾ ਨਜ਼ਦੀਕੀ ਸਥਾਨ ਅਤੇ ਉਪਲਬਧ ਮਿਤੀ ਜਾਣਨ ਲਈ Québec.ca/vaccinCOVID ‘ਤੇ ਜਾਓ। ਟੀਕਾਕਰਨ ਮੁਫ਼ਤ ਹੈ। ਕੋਵਿਡ-19 ਟੀਕਾਕਰਨ ਨਿੱਜੀ ਸੰਗਠਨਾਂ ਵਿਖੇ ਨਹੀਂ ਹੁੰਦਾ।

**ਇੰਟਰਨੈੱਟ ਵਿੱਚ ਸਮੱਸਿਆ ਦੇ ਮਾਮਲੇ ਵਿੱਚ ਮੈਨੂੰ ਕੀ ਕਰਨਾ ਚਾਹੀਦਾ ਹੈ?**

ਜੇਕਰ ਤੁਹਾਨੂੰ ਇੰਟਰਨੈੱਟ ਨਾਲ ਸਬੰਧਿਤ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਾਂ ਆਪਣੇ ਪਰਿਵਾਰ ਜਾਂ ਦੋਸਤਾਂ ਤੋਂ ਮਦਦ ਮੰਗੋ। ਜੇਕਰ ਤੁਹਾਡੇ ਕੋਲ ਇੰਟਰਨੈੱਟ ਦੀ ਸੁਵਿਧਾ ਨਹੀਂ ਹੈ, ਤਾਂ 1-877-644-4545 (ਟੋਲ ਫ਼ਰੀ ਨੰਬਰ) ‘ਤੇ ਕਾਲ ਕਰੋ।

**ਜੇਕਰ ਮੇਰੇ ਕੋਲ ਸਿਹਤ ਬੀਮਾ ਕਾਰਡ ਨਹੀਂ ਹੈ, ਕੀ ਤਾਂ ਵੀ ਮੈਂ ਟੀਕਾ ਲਗਵਾ ਸਕਦਾ/ਸਕਦੀ ਹਾਂ?**

ਜੇਕਰ ਤੁਸੀਂ ਸਥਾਈ ਨਿਵਾਸੀ ਨਹੀਂ ਹੋ ਅਤੇ ਤੁਹਾਡੇ ਕੋਲ ਸਿਹਤ ਬੀਮਾ ਕਾਰਡ ਨਹੀਂ ਹੈ, ਤਾਂ ਵੀ ਤੁਸੀਂ ਕੋਵਿਡ-19 ਦਾ ਟੀਕਾ ਲਗਵਾ ਸਕਦੇ ਹੋ ਕਿਉਂਕਿ ਇਹ ਕਿਊਬੈੱਕ ਵਿੱਚ ਰਹਿਣ ਵਾਲੇ ਹਰ ਵਿਅਕਤੀ ਦੀ ਸੁਰੱਖਿਆ ਲਈ ਜ਼ਰੂਰੀ ਹੈ। **ਤੁਹਾਡੀ ਆਵਾਸ ਸਥਿਤੀ ਜਿਸ ਤਰ੍ਹਾਂ ਦੀ ਮਰਜ਼ੀ ਹੋਵੇ, ਤੁਹਾਨੂੰ ਟੀਕਾ ਲੱਗ ਸਕਦਾ ਹੈ। ਇਸ ਜਾਣਕਾਰੀ ਦੀ ਵਰਤੋਂ ਕੇਵਲ ਟੀਕਾਕਰਨ ਰਜਿਸਟਰੀ ਵਿੱਚ ਵਿਅਕਤੀਆਂ ਦੀ ਪਛਾਣ ਸਥਾਪਿਤ ਕਰਨ ਲਈ ਕੀਤਾ ਜਾਂਦਾ ਹੈ।** ਇਸ ਨੂੰ ਅਧਿਕਾਰੀਆਂ ਕੋਲ ਨਹੀਂ ਭੇਜਿਆ ਜਾਂਦਾ ਅਤੇ ਨਾ ਹੀ ਇਸ ਦੀ ਵਰਤੋਂ ਕਿਸੇ ਹੋਰ ਮੰਤਵ ਲਈ ਕੀਤੀ ਜਾਂਦੀ ਹੈ। ਜੇਕਰ ਤੁਹਾਡੇ ਕੋਲ ਸਿਹਤ ਬੀਮਾ ਕਾਰਡ ਨਹੀਂ ਹੈ, ਤਾਂ 1-877-644-4545 (ਟੋਲ ਫ਼ਰੀ ਨੰਬਰ) ‘ਤੇ ਕਾਲ ਕਰੋ।

**ਸੰਪੂਰਨ ਸੁਰੱਖਿਆ ਲਈ ਮੈਨੂੰ ਕੋਵਿਡ-19 ਟੀਕੇ ਦੀਆਂ ਕਿੰਨੀਆਂ ਖ਼ੁਰਾਕਾਂ ਲੈਣੀਆਂ ਪੈਣਗੀਆਂ?**

ਖ਼ੁਰਾਕ ਨੂੰ ਪ੍ਰਭਾਵੀ ਹੋਣ ਵਿੱਚ ਘੱਟੋ-ਘੱਟ 14 ਦਿਨ ਲੱਗਦੇ ਹਨ। ਦੂਜੀ ਖ਼ੁਰਾਕ, ਫੈਲਾਅ ਨੂੰ ਹੋਰ ਘੱਟ ਕਰਨ ਅਤੇ ਇਸ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਸੁਰੱਖਿਆ ਦੇ ਨਾਲ-ਨਾਲ ਸੁਰੱਖਿਆ ਦੀ ਮਿਆਦ ਵਧਾਉਣ ਲਈ ਲੋੜੀਂਦੀ ਹੈ। ਦੂਜੀ ਖ਼ੁਰਾਕ ਨੂੰ ਪ੍ਰਭਾਵੀ ਹੋਣ ਵਿੱਚ ਇੱਕ ਹਫ਼ਤਾ ਲੱਗਦਾ ਹੈ। ਦੂਜੀ ਖ਼ੁਰਾਕ ਲਗਵਾਉਣ ਤੋਂ ਇੱਕ ਹਫ਼ਤਾ ਬਾਅਦ, ਤੁਹਾਨੂੰ ਲੋੜੀਂਦੀ ਸੁਰੱਖਿਆ ਮਿਲੇਗੀ। ਬਿਹਤਰ ਸੁਰੱਖਿਆ ਲਈ, ਪਹਿਲੀ ਖ਼ੁਰਾਕ ਨੂੰ ਲੱਗਿਆਂ ਅੱਠ ਹਫ਼ਤੇ ਜਾਂ ਉਸ ਤੋਂ ਵੱਧ ਸਮਾਂ ਗੁਜ਼ਰ ਜਾਣ ਮਗਰੋਂ ਦੂਜੀ ਖ਼ੁਰਾਕ ਲਗਵਾਉਣੀ ਚਾਹੀਦੀ ਹੈ।

ਜਿਹੜੇ ਲੋਕ ਟੀਕਾਕਰਨ ਤੋਂ ਘੱਟੋ-ਘੱਟ 21 ਦਿਨ ਪਹਿਲਾਂ ਕੋਵਿਡ-19 ਤੋਂ ਪੀੜਿਤ ਹੋਏ ਹੋਣ, ਉਨ੍ਹਾਂ ਲਈ ਟੀਕੇ ਦੀ ਇੱਕ ਖ਼ੁਰਾਕ ਹੀ ਜ਼ਰੂਰੀ ਹੈ। ਲਾਗ ਉਸੇ ਤਰ੍ਹਾਂ ਇਮਿਊਨਿਟੀ ਦੀ ਪ੍ਰਤੀਕਿਰਿਆ ਸ਼ੁਰੂ ਕਰਦੀ ਹੈ ਜਿਸ ਤਰ੍ਹਾਂ ਟੀਕੇ ਦੀ ਪਹਿਲੀ ਖ਼ੁਰਾਕ ਕਰਦੀ ਹੈ। ਇਸ ਲਈ, ਕੋਵਿਡ-19 ਤੋਂ ਪੀੜਿਤ ਹੋ ਚੁੱਕੇ ਵਿਅਕਤੀ ਨੂੰ ਦਿੱਤੀ ਜਾਣ ਵਾਲੀ ਟੀਕੇ ਦੀ ਖ਼ੁਰਾਕ ਦਾ ਸਬੰਧਿਤ ਵਿਅਕਤੀ ਉੱਤੇ ਉਸੇ ਤਰ੍ਹਾਂ ਦਾ ਹੀ ਬੂਸਟਰ ਪ੍ਰਭਾਵ ਪਵੇਗਾ ਜਿਸ ਤਰ੍ਹਾਂ ਦਾ ਪੀੜਿਤ ਨਾ ਹੋਏ ਵਿਅਕਤੀ ਉੱਤੇ ਟੀਕੇ ਦੀ ਦੂਜੀ ਖ਼ੁਰਾਕ ਦਾ ਪੈਂਦਾ ਹੈ। ਧਿਆਨ ਦਿਓ, ਜੋ ਵਿਅਕਤੀ ਕੋਵਿਡ-19 ਤੋਂ ਪੀੜਿਤ ਹੋ ਚੁੱਕਿਆ ਹੈ, ਉਸ ਲਈ ਟੀਕੇ ਦੀਆਂ ਦੋ ਖ਼ੁਰਾਕਾਂ ਲੈਣੀਆਂ ਖ਼ਤਰਨਾਕ ਨਹੀਂ ਹਨ।

ਤੁਹਾਡੀ ਦੂਜੀ ਖ਼ੁਰਾਕ ਲਈ ਸਮਾਂ ਤੁਹਾਨੂੰ ਟੀਕਾਕਰਨ ਕੇਂਦਰ ਵਿਖੇ ਹੀ ਦਿੱਤਾ ਜਾਵੇਗਾ।

**ਕੀ ਮੈਨੂੰ ਟੀਕਾਕਰਨ ਦਾ ਪ੍ਰਮਾਣ-ਪੱਤਰ ਮਿਲੇਗਾ?**

ਕਿਊਬੈੱਕ ਵਿੱਚ, ਟੀਕਾ ਲਗਵਾਉਣ ਤੋਂ ਬਾਅਦ, ਤੁਹਾਨੂੰ ਟੀਕਾਕਰਨ ਪ੍ਰਮਾਣ-ਪੱਤਰ ਦੀ ਇੱਕ ਕਾਗ਼ਜ਼ੀ ਕਾਪੀ ਦਿੱਤੀ ਜਾਂਦੀ ਹੈ। ਇਹ ਕੋਵਿਡ-19 ਟੀਕੇ ਸਮੇਤ ਸਾਰੇ ਟੀਕਿਆਂ ਦੇ ਮਾਮਲੇ ਵਿੱਚ ਲਾਗੂ ਹੈ। ਤੁਹਾਡਾ ਕੋਵਿਡ-19 ਟੀਕਾਕਰਨ ਹੋਣ ਤੋਂ ਬਾਅਦ, ਟੀਕਾਕਰਨ ਦਾ ਡਿਜੀਟਲ ਪ੍ਰਮਾਣ ਵੀ ਉਪਲਬਧ ਹੋਵੇਗਾ। ਟੀਕਾਕਰਨ ਦਾ ਇਹ ਪ੍ਰਮਾਣ ਇੱਕ ਪੀਡੀਐੱਫ ਫਾਈਲ ਹੋਵੇਗੀ ਜਿਸ ਨੂੰ ਤੁਸੀਂ ਆਪਣੇ ਕੰਪਿਊਟਰ ਜਾਂ ਮੋਬਾਈਲ ਵਿੱਚ ਡਾਊਨਲੋਡ ਕਰ ਸਕਦੇ ਹੋ। ਤੁਹਾਡੇ ਕੋਲ ਟੀਕਾਕਰਨ ਦਾ ਡਿਜੀਟਲ ਪ੍ਰਮਾਣ ਹੋਣ ਦੇ ਬਾਵਜੂਦ ਵੀ, ਤੁਹਾਨੂੰ ਆਪਣੇ ਕੋਲ ਆਪਣੇ ਪ੍ਰਮਾਣ-ਪੱਤਰ ਦੀ ਕਾਗ਼ਜ਼ੀ ਕਾਪੀ ਰੱਖਣ ਦੀ **ਪੁਰਜ਼ੋਰ** ਸਲਾਹ ਦਿੱਤੀ ਜਾਂਦੀ ਹੈ।

ਆਪਣੇ ਕੋਵਿਡ-19 ਟੀਕਾਕਰਨ ਤੋਂ ਬਾਅਦ, ਤੁਸੀਂ **ਸਵੈ-ਸੇਵਾ ਪੋਰਟਲ** (**self-service portal**) ਤੋਂ ਟੀਕਾਕਰਨ ਦਾ ਆਪਣਾ ਡਿਜੀਟਲ ਪ੍ਰਮਾਣ ਵੀ ਡਾਊਨਲੋਡ ਕਰ ਸਕਦੇ ਹੋ। ਪਹੁੰਚ ਪ੍ਰਾਪਤ ਕਰਨ ਲਈ, https://covid19.quebec.ca/PreuveVaccinale ‘ਤੇ ਜਾਓ। ਪੋਰਟਲ ਵਿੱਚ ਜਾਣ ਤੋਂ ਬਾਅਦ, ਤੁਹਾਡੇ ਤੋਂ ਹੇਠ ਲਿਖੀ ਜਾਣਕਾਰੀ ਪੁੱਛੀ ਜਾਵੇਗੀ:

- ਤੁਹਾਡਾ ਮੁੱਖ ਨਾਮ ਅਤੇ ਉੱਪ-ਨਾਮ;
- ਤੁਹਾਡੀ ਜਨਮ ਮਿਤੀ;
- ਤੁਹਾਡੇ ਕੋਵਿਡ-19 ਟੀਕਾਕਰਨ ਦੀ ਪਹਿਲੀ ਖ਼ੁਰਾਕ ਦੀ ਮਿਤੀ;
- ਤੁਹਾਡੇ ਕੋਵਿਡ-19 ਟੀਕਾਕਰਨ ਦੀ ਪਹਿਲੀ ਖ਼ੁਰਾਕ ਦਾ ਬਰਾਂਡ;
- ਤੁਹਾਡਾ ਸਿਹਤ ਬੀਮਾ ਨੰਬਰ।

ਇਸ ਜਾਣਕਾਰੀ ਦੇ ਪ੍ਰਮਾਣਿਤ ਹੋਣ ਤੋਂ ਬਾਅਦ, ਤੁਸੀਂ ਆਪਣੇ ਟੀਕਾਕਰਨ ਦਾ ਡਿਜੀਟਲ ਪ੍ਰਮਾਣ-ਪੱਤਰ ਡਾਊਨਲੋਡ ਕਰ ਸਕੋਗੇ, ਬਜਾਏ ਇਸ ਦੇ ਕਿ ਗ਼ਲਤੀ ਸਬੰਧੀ ਕੋਈ ਸੰਦੇਸ਼ ਪ੍ਰਦਰਸ਼ਿਤ ਨਾ ਹੋਵੇ। ਅਜਿਹੇ ਮਾਮਲੇ ਵਿੱਚ, ਤੁਸੀਂ ਪੋਰਟਲ ਤੋਂ ਆਪਣਾ ਪ੍ਰਮਾਣ-ਪੱਤਰ ਡਾਊਨਲੋਡ ਨਹੀਂ ਕਰ ਸਕੋਗੇ। ਗ਼ਲਤੀ ਦਾ ਸੰਦੇਸ਼ ਪ੍ਰਦਰਸ਼ਿਤ ਹੁੰਦਾ ਹੈ, ਜਦੋਂ:

- ਤੁਹਾਡੇ ਵੱਲੋਂ ਪ੍ਰਦਾਨ ਕੀਤੀ ਗਈ ਕੋਈ ਜਾਣਕਾਰੀ ਕਿਊਬੈੱਕ ਟੀਕਾਕਰਨ ਰਜਿਸਟਰੀ ਜਾਂ ਰੇਜੀ ਡੇ ਐਲ’ ਅਸ਼ੋਰੈਂਸ ਮੈਲਾਡੀ ਡੂ ਕਿਊਬੈੱਕ (ਆਰਏਐੱਮਕਿਊ) ਰਜਿਸਟਰ ਦੀ ਜਾਣਕਾਰੀ ਨਾਲ ਮੇਲ ਨਾ ਖਾਵੇ।
- ਤੁਹਾਡੇ ਮਾਤਾ-ਪਿਤਾ ਆਰਏਐਮਕਿਊ ਵਿੱਚ ਰਜਿਸਟਰ ਨਾ ਹੋਣ।

ਟੀਕਾਕਰਨ ਦਾ ਡਿਜੀਟਲ ਪ੍ਰਮਾਣ-ਪੱਤਰ, ਟੀਕਾ ਲਗਵਾ ਚੁੱਕੇ ਸਾਰੇ ਵਿਅਕਤੀਆਂ ਨੂੰ ਉਪਲਬਧ ਕਰਵਾਉਣ ਦੇ ਮਾਮਲੇ ਵਿੱਚ ਕੰਮ ਜਾਰੀ ਹੈ। 14 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਲੋਕ ਪੋਰਟਲ ਰਾਹੀਂ ਆਪਣਾ ਪ੍ਰਮਾਣ-ਪੱਤਰ ਡਾਊਨਲੋਡ ਨਹੀਂ ਕਰ ਸਕਣਗੇ।

ਜੇਕਰ ਤੁਹਾਡੇ ਟੀਕਾਕਰਨ ਦੇ ਪ੍ਰਮਾਣ-ਪੱਤਰ ਦੀ ਕਾਗ਼ਜ਼ੀ ਜਾਂ ਡਿਜੀਟਲ ਕਾਪੀ ਵਿੱਚ ਕੋਈ ਗ਼ਲਤੀ ਹੋਵੇ, ਤਾਂ ਤੁਸੀਂ ਉਸ ਨੂੰ ਠੀਕ ਕਰਵਾਓ। COVID-19 Vaccine - Troubleshooting service ਦੀ ਚੋਣ ਕਰਕੇ Clic Santé ‘ਤੇ ਆਨਲਾਈਨ ਅਪਾਇੰਟਮੈਂਟ ਲਓ। ਫਿਰ ਤੁਹਾਨੂੰ ਆਪਣਾ ਸਿਹਤ ਬੀਮਾ ਕਾਰਡ ਜਾਂ ਕੋਈ ਹੋਰ ਪਛਾਣ-ਪੱਤਰ ਲੈ ਕੇ ਵਿਅਕਤੀਗਤ ਰੂਪ ਵਿੱਚ ਟੀਕਾਕਰਨ ਕੇਂਦਰ ਜਾਣਾ ਪਵੇਗਾ।

ਟੀਕਾਕਰਨ ਦੇ ਪ੍ਰਮਾਣ-ਪੱਤਰ ਬਾਰੇ ਵਧੇਰੇ ਜਾਣਕਾਰੀ ਲਈ, ਵੇਖੋ:

https://www.quebec.ca/en/health/health-issues/a-z/2019-coronavirus/progress-of-the-covid-19-vaccination/proof-covid-19-vaccination

**ਯਾਦ ਰੱਖੋ: ਟੀਕਾ ਲੱਛਣਾਂ ਨੂੰ ਘਟਾਉਂਦਾ ਹੈ ਅਤੇ ਕੋਵਿਡ-19 ਨਾਲ ਜੁੜੀਆਂ ਡਾਕਟਰੀ ਮੁਸ਼ਕਲਾਂ ਨੂੰ ਰੋਕਦਾ ਹੈ। ਟੀਕਾਕਰਨ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ।**

Québec